Weekly

# CANADA SIKH TIMES

23 - 29 July, 2023

ਕੈਨੇਡਾ ਸਿੱਖ ਟਾਈਮਜ਼

Volume 1 Issue 8

• RELIGION • CULTURE • HERITAGE • BUSINESS

## Leicester's New Sikh Gurdwara opens its doors for worshippers



One of the UK's largest purpose-built Sikh temples has officially opened in Leicester with space for up to 900 worshippers. The Gurdwara Sahib on Ramdas Way, in Hamilton, opened its doors at the end of June. The three-storey place of worship was originally located on Meynell Road, while the congragation has had a presence in the city since 1972. The development was carried out by the trustees of the Ramgarhia Board Leicester (RBL). Sikhs have done endless financial *Sewa* for this holy Gurughar.

We thank the Management Committee of Gurdwaras for this important step and request them to make arrangements for learning Gurbani and Sikh History by youth, skill development and other activities to involve new generation in the Gurdwaras.

## ਪੰਜਾਬ ਰੈਜੀਮੈਂਟ ਨੇ ਫਰਾਂਸ ਦੀ ਬੈਸਟਿਲ ਡੇ ਪਰੇਡ ’ਚ ਕੀਤੀ ਸ਼ਿਰਕਤ



ਭਾਰਤ ਦੀਆਂ ਤਿੰਨੋਂ ਸੈਨਾਵਾਂ ਦੀ ਇਕ ਟੁੱਕੜੀ ਨੇ ਬੈਸਟਿਲ ਡੇ ਪਰੇਡ ’ਚ ਹਿੱਸਾ ਲੈ ਕੇ ਲੋਕਾਂ ਨੂੰ ਕੀਲ ਕੇ ਰੱਖ ਦਿੱਤਾ। ਭਾਰਤੀ ਫੌਜ ਦੀ ਪੰਜਾਬ ਰੈਜੀਮੈਂਟ ਨੇ ਬੈਸਟਿਲ ਡੇ ਦੇ ਮੌਕੇ ’ਤੇ ਬਹੁਤ ਖੁਬਸੂਰਤ ਤਰੀਕੇ ਨਾਲ ਮਾਰਚ ਕੀਤਾ। ਇਸਦੇ ਨਾਲ ਹੀ ਪਰੇਡ ਵਿਚ ਭਾਰਤੀ ਹਵਾਈ ਸੈਨਾ ਦੇ ਰਾਫਾਲ ਲੜਾਕੂ ਜੈੱਟਾਂ ਨੇ ਫਲਾਈਪਾਸਟ ’ਚ ਵੀ ਸ਼ਮੂਲੀਅਤ ਕੀਤੀ। ਭਾਰਤੀ ਸੈਨਾਵਾਂ ਨੇ ਆਪਣੀ ਸ਼ਮੂਲੀਅਤ ਦੌਰਾਨ ਭਾਰਤ ਮਾਤਾ ਕੀ ਜੈ ਅਤੇ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ’ ਦੇ ਨਾਹਰੇ ਲਾਏ। ਇਸ ਵਿਚ ਭਾਰਤੀ ਸੈਨਾਵਾਂ ਦੇ ਕੁੱਲ 269 ਮੈਂਬਰਾਂ ਨੇ ‘ਸਾਰੇ ਜਹਾਂ ਸੇ ਅੱਛਾ’ ਦੀ ਧੁਨ ਤੇ ਮਾਰਚ ਕਰਦਿਆਂ ਆਪਣੀ ਮਾਤ ਭੂਮੀ ਪ੍ਰਤੀ ਡੂੰਘੇ ਮਾਣ ਤੇ ਉਤਸ਼ਹਾ ਨੂੰ ਪ੍ਰਦਰਸ਼ਿਤ ਕੀਤਾ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਟੁਕੜੀ ਨੂੰ ਖੜ੍ਹੇ ਹੋ ਕੇ ਸਲਾਮੀ ਦਿੱਤੀ। ਇਥੇ ਸ੍ਰੀ ਮੋਦੀ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਰਰੋਂ ਤੇ ਹੋਰ ਹਸਤੀਆਂ ਬਿਰਾਜਮਾਨ ਸਨ।

### ਖੇੜਾ




ਦੁਨੀਆਵੀ ਪੱਧਰ ਤੇ ਜੀਵਨ ਦੀ ਸਫ਼ਲਤਾ ਨੂੰ ਮਾਪਣ ਦੇ ਕਈ ਮਾਪਦੰਡ ਹਨ, ਜਿਵੇਂ ਵੱਡਾ ਅਹੁਦਾ, ਸ਼ੋਹਰਤ, ਪੈਸਾ, ਕਾਰਾਂ, ਕੋਠੀਆਂ ਆਦਿ ਪਰ ਅਧਿਆਤਮਕ ਪਧਰ ਤੇ ਸਫਲਤਾ ਨੂੰ ਮਾਪਣ ਦਾ ਇਕੋ ਇਕੋ ਰਾਹ ਤੇ ਤਰੀਕਾ ਹੈ— ਖੇੜਾ, ਖੁਸ਼ੀ ਤੇ ਆਨੰਦ। ਗੁਰਬਾਣੀ ਮੁਤਾਬਕ ਇਕ ਪਾਸੇ ਭਾਵੇਂ ਤੁਹਾਡੇ ਕੋਲ ਦੁਨੀਆਵੀ ਸ਼ੋਹਰਤ ਦਾ ਭੰਡਾਰ ਹੈ ਪਰ ਜੇਕਰ ਤੁਸੀਂ ਗੁਰੂ ਨਾਲ ਜੁੜੇ ਨਹੀਂ ਹੋਏ ਤਾਂ ਤੁਸੀਂ ਅਸਫਲ ਹੋ, ਦੂਜੇ ਪਾਸੇ ਬੇਸ਼ਕ ਤੁਹਾਡਾ ਕੁੱਲੀ ’ਚ ਵਾਸਾ ਹੋਵੇ ਪਰ ਅਗਰ ਤੁਸੀਂ ਉਹਦੀ ਰਜ਼ਾ ਨੂੰ ਮਾਣਦਿਆਂ ਹੋਇਆਂ ਸਦੀਵੀ ਖੇੜੇ ’ਚ ਹੋ ਤਾਂ ਤੁਸੀਂ ਹਰ ਪੱਖੋ ਸਫਲ ਜੀਵਨ ਬਤੀਤ ਕਰ ਰਹੇ ਹੋ। ਦੁੱਖ-ਸੁੱਖ, ਚੰਗਾ-ਮਾੜਾ ਜ਼ਿੰਗਦੀ ਦੇ ਰੰਗ ਨੇ, ਇਨ੍ਹਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਉਤਰਾਅ-ਚੜ੍ਹਾਅ ਸਾਨੂੰ ਜ਼ਿੰਦਗੀ ’ਚ ਤਜ਼ਰਬਿਆਂ ਸਹਿਤ ਅੱਗੇ ਵੱਧਣ ਦੀ ਪੂਰਨ ਸਮਰੱਥਾ ਬਖਸ਼ਦੇ ਹਨ ਅਤੇ ਨਿਰਭਉ-ਨਿਰਵੈਰ ਹੋ ਕੇ ਜੀਵਨ ਜੀਊਣ ਦੀ ਜਾਚ ਸਿਖਾਉਂਦੇ ਹਨ। ਬਾਣੀ ਦਾ ਫੁਰਮਾਣ ਹੈ: **ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥** ਭਾਵ ਵੈਰ ਵਿਰੋਧ ਮਿਟਾ ਕੇ ‘ਏਕੁ ਪਿਤਾ ਏਕਸੁ ਕੇ ਹਮ ਬਾਰਿਕ’ ਦੇ ਸੰਕਲਪ ਤੇ ਚਲਦਿਆਂ ਯਕੀਨਨ ਹੀ ਸਦੀਵੀ ਆਨੰਦ ਵਿਚ ਸਮਾ ਜਾਵਾਂਗੇ। ਇਸ ਪਦਾਰਥਵਾਦੀ ਯੁੱਗ ’ਚ ਬੜਾ ਜ਼ਰੂਰੀ ਹੈ ਅਕਾਲ-ਪੁਰਖ ਦੇ ਭਾਣੇ ’ਚ ਰਾਜ਼ੀ ਰਹਿਣਾ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਜੀਵਨ ਬਤੀਤ ਕਰਨਾ।

– ਪੁਸਤਕ **ਆਗਾਹਾ ਕੂ ਤ੍ਰਾਘਿ** ’ਚੋਂ

# DESH VIDESH

## ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮੱਖਣ ਸ਼ਾਹ ਦਵਾਰਾ ਪਰਗਟ ਕਰਨ ਸੰਬੰਧੀ



ਜਿਸ ਤਰ੍ਹਾਂ ਕੀ ਅਸੀਂ ਸਾਰੇ ਜਾਨਦੇ ਹੀ ਹਾਂ ਕਿ ਪਹਿਲੇ ਅੱਠ ਗੁਰੂ ਸਹਿਬਾਨ ਤੱਕ ਤਾਂ ਗੁਰੂ ਸਾਹਿਬ ਜੀ ਨੇ ਗੁਰਗੱਦੀ ਜਿਸ ਨੂੰ ਯੋਗ ਸਮਝਿਆ, ਉਸਨੂੰ ਆਪ ਬਖਸ਼ੀ। ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਗੁਰਗੱਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪ ਨਹੀਂ ਬਖਸ਼ੀ। ਕਿਉਂਕਿ, ਔਰੰਗਜ਼ੇਬ ਦੇ ਹੁਕਮ ਤੇ ਮਿਰਜ਼ਾ ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਰਾਹੀਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਕਰਤਾਰਪੁਰ ਤੋਂ ਦਿੱਲੀ ਆਪਣੇ ਬੰਗਲੇ ਵਿਖੇ ਸੱਦਿਆ ਸੀ। ਜਿੱਥੇ ਅਖੀਰ ਵਾਰ 21 ਮਾਰਚ 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲੇ ਸਨ। ਉਹੀ ਬੰਗਲਾ ਅੱਜ ਗੁਰਦੁਆਰਾ ਬੰਗਲਾ ਸਾਹਿਬ ਨਾਲ ਜਾਣਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਸਹਿਬ ਦਿੱਲੀ ਤੋਂ ਸਿੱਧਾ ਬਕਾਲੇ (ਬਾਬਾ ਬਕਾਲਾ) ਆ ਗਏ। ਉਨ੍ਹੀਂ ਦਿਨੀ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਤੇ ਬਾਲਾ ਪ੍ਰੀਤਮ ਜੀ ਦੁਖੀਆਂ, ਗਰੀਬਾਂ ਤੇ ਰੋਗੀਆਂ ਦੀ ਮਦਦ ਕਰਦੇ ਹੋਏ ਖੁਦ ਹੀ ਰੋਗੀ ਹੋ ਗਏ। ਜਿਸ ਕਰਕੇ ਕੁਝ ਸਮੇਂ ਉਪਰੰਤ ਆਪ ਗੁਰਤਾਗੱਦੀ ਆਪਣੇ ਦਾਦੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪ ਕੇ ਜੋਤਿ ਜੋਤ ਸਮਾ ਗਏ। ਸਰੂਪ ਸਿੰਘ ਕੋਸ਼ਿਸ਼ ਦੁਆਰਾ ਗੁਰੂ ਕਿਆਂ ਸਾਖੀਆਂ ਅਤੇ ਭੱਟ ਵਹੀ ਤਲੌਂਡਾ, ਪਰਗਣਾ ਜੀਂਦ ਵਿੱਚ ਇਸਦੀ ਸ਼ਪਸ਼ਟ ਗਵਾਹੀ ਮਿਲਦੀ ਹੈ।

ਪ੍ਰਚਲਤ ਸਿੱਖ ਇਤਿਹਾਸ ਤੋਂ ਇਹ ਪਤਾ ਲਗਦਾ ਹੈ, ਕੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਇਹ ਆਖਿਆ ਸੀ ਕਿ 'ਬਾਬਾ ਬਕਾਲੇ'। ਬਾਬਾ ਦਾ ਅਰਥ ਜਿੱਥੇ ਦਾਦਾ ਹੁੰਦਾ ਹੈ, ਉੱਥੇ ਇਹ ਸ਼ਬਦ ਗੁਰੂ ਲਈ ਵੀ ਵਰਤਿਆ ਜਾਂਦਾ ਹੈ। ਜਿਸਤੋਂ ਇਹ ਸ਼ਪਸ਼ਟ ਹੋ ਜਾਂਦਾ ਹੈ ਕਿ ਇਹ ਸੰਕੇਤ ਗੁਰੂ ਤੇਗ ਬਹਾਦਰ ਸਾਹਿਬ ਵੱਲ ਹੀ ਸੀ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਤਾਂ ਆਪਣਾ ਅੰਤ ਸਮਾਂ ਨਿਕਟ ਜਾਣ ਕੇ ਨਿਕਟਵਰਤੀ ਗੁਰਸਿੱਖਾਂ ਵਿੱਚ ਐਲਾਨ ਕਰ ਦਿੱਤਾ ਸੀ। ਪਰ ਕਿਉਂਕਿ ਜਿਆਦਾ ਪ੍ਰਚਾਰ ਨਹੀਂ ਹੋਇਆ ਸੀ। ਇਸ ਗੱਲ ਦਾ ਲਾਭ ਉਠਾਉਂਦਿਆਂ ਹੋਇਆਂ ਸਵਾਰਥੀ ਤੇ ਭੇਖੀ ਪੁਰਖਾਂ ਨੇ ਸੰਗਤ ਵਿੱਚ ਗਲਤ ਪ੍ਰਚਾਰ ਕਰਕੇ ਖੁਦ ਗੁਰੂ ਹੋਣ ਦਾ ਐਲਾਨ ਕਰ ਦਿੱਤਾ ਅਤੇ ਬਕਾਲੇ ਵਿੱਚ ਗੱਦੀਆਂ ਲਾ ਕੇ ਬਹਿ ਗਏ। ਗੁਰੂ ਬਣਨ ਦੀ ਇਸ ਦੌੜ ਵਿੱਚ ਧੀਰਮੱਲ ਸਭ ਤੋਂ ਅੱਗੇ ਸੀ।

ਇਕ ਰਵਾਇਤ ਅਨੁਸਾਰ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਭਾਈ ਜੁਲਕਾ ਪਰਮਹੰਸ ਦੀ ਤੋਰੀ ਰੀਤ ਮੁਤਾਬਕ ਵਿਸਾਖੀ ਅਤੇ ਦੀਵਾਲੀ ਮੌਕੇ ਗੁਰੂ ਕੋਲ ਆਪਣਾ ਦਸਵੰਧ ਜਮਾਂ ਕਰਾਉਣ ਲਈ ਸਿੱਖਾਂ ਦਾ ਭਾਰੀ ਕੱਠ ਹੁੰਦਾ ਸੀ। ਇਸੇ ਰਵਾਇਤ 'ਤੇ ਚਲਦਿਆਂ ਧਨਾਢ ਮੱਖਣ ਸ਼ਾਹ ਵੀ ਆਪਣਾ ਦਸਵੰਧ ਜਮਾਂ ਕਰਨ ਲਈ ਬਕਾਲੇ ਪਹੁੰਚਿਆ। ਪਰ ਉਥੇ ਧਿਰਮੱਲ ਸਮੇਤ ਖੁਦ ਨੂੰ ਨੌਵਾਂ ਗੁਰੂ ਕਹਿਣ ਵਾਲਿਆਂ ਦੀਆਂ 22 ਗੱਦੀਆਂ ਜਾਂ ਮੰਜੀਆਂ ਲੱਗੀਆਂ ਹੋਈਆਂ ਸਨ।

ਮੱਖਣ ਸ਼ਾਹ ਨੇ ਇੱਕ ਵਿਓਂਤ ਬਣਾਈ ਤੇ ਅਸਲ ਗੁਰੂ ਦੀ ਭਾਲ 'ਚ ਸਭ ਅੱਗੇ 5-5 ਮੋਹਰਾਂ ਰੱਖੀਆਂ। ਹਰੇਕ ਨੇ ਖੁਸ਼ ਹੋ ਕੇ ਮੋਹਰਾਂ ਪ੍ਰਵਾਨ ਕਰ ਲਈਆਂ ਪਰ ਕਿਸੇ ਨੇ ਵੀ ਸੰਪੂਰਨ ਦਸਵੰਧ ਦੀ ਮੰਗ ਨਾ ਕੀਤੀ। ਫਿਰ ਕਿਸੇ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਉੱਥੇ ਹੋਣ ਦੀ ਜਾਣਕਾਰੀ ਦਿੱਤੀ ਤੇ ਮੱਖਣ ਸ਼ਾਹ ਨੇ ਉਹਨਾਂ ਮੂਹਰੇ ਵੀ 5 ਮੋਹਰਾਂ ਰੱਖੀਆਂ ਤਾਂ ਗੁਰੂ ਸਾਹਿਬ ਨੇ ਹੱਸ ਕੇ ਕਿਹਾ ਕਿ "ਮੱਖਣ ਸ਼ਾਹ ਬਾਕੀ ਮੋਹਰਾਂ ਕਿੱਥੇ ☞

## World Bank chief Ajay S. Banga unveils new plans to boost lending 'firepower'



World Bank President Ajay S. Banga unveiled new plans on Tuesday to stretch the bank's balance sheet and help countries tackle climate change and other challenges, but said a capital increase would still eventually be needed. S. Banga, a former Mastercard CEO who took over the helm of the World Bank on June 2, announced the new proposals to "make our balance sheet work harder" during a meeting of finance officials from the Group of 20 major economies in Gandhinagar, India.

The new steps, still being discussed with shareholder countries, come on top of initial steps approved in April that will boost World Bank lending by up to $50 billion over the next decade.

The U.S., the bank's biggest shareholder, kicked off the push for reforms in October, later nominating Banga to succeed former president David Malpass with a specific mandate to accelerate the evolution of the nearly 70-year-old institution.

The plans could generate tens of billions of additional lending by allowing shareholders to guarantee loans if countries cannot repay them, a move the World Bank said would allow it to generate $6 in new lending for every $1 in guarantees over a 10-year period – or $30 billion for every $5 billion.

---

☞ ਖਰਚ ਆਇਆਂ?" ਇਹ ਸੁਣਦੇ ਸਾਰ ਉਹਦੀਆਂ ਅੱਖਾਂ ਭਰ ਆਈਆਂ ਤੇ ਉਹ ਛੱਤ ਤੇ ਚੜ੍ਹ ਕੇ ਉੱਚੀ ਉੱਚੀ ਬੋਲਣ ਲੱਗਾ 'ਗੁਰ ਲਾਧੋ ਰੇ, ਗੁਰ ਲਾਧੋ ਰੇ।' ਇਸ ਬਾਰੇ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:

ਭੁਲੀਏ ਸੰਗਤਿ ਸੁਨਹੁ ਦੇ ਕਾਨ। ਸਤਿਗੁਰ ਲੱਧਾ ਮਰਦ ਮਹਾਨ।
ਸੰਸੈ ਰਿਦੈ ਕੋ ਤਜ ਕੈ। ਜਨਮ ਸੁਧਾਰਹੁ ਸੁ ਗੁਰੂ ਭਜਿ ਕੈ।

ਮੱਖਣ ਸ਼ਾਹ ਨੇ ਸੰਗਤਾਂ ਨੂੰ ਹੋਕਾ ਦੇ ਕੇ ਕਿਹਾ ਕਿ ਸੱਚਾ ਗੁਰੂ ਤੇ ਨੌਵਾਂ ਗੁਰੂ ਨਾਨਕ ਲਭ ਪਿਆ ਹੈ। ਇਸ ਕਰਕੇ ਜਿਸਨੇ ਜੀਵਨ ਸਫਲਾ ਕਰਨਾ ਹੈ ਉਹ ਭੱਜ ਕੇ ਚਰਨੀ ਆ ਲੱਗੇ।

ਅਖੀਰ 'ਚ ਬਸ ਇੰਨਾ ਕਹਿਣਾ ਚਾਹਾਂਗੀ ਕਿ ਅਜੋਕੇ ਸਿੱਖ ਵੀ ਆਪਣੇ ਇਤਿਹਾਸ ਤੋਂ ਜਾਣੂੰ ਨਹੀਂ ਹਨ, ਜਿਸ ਕਰਕੇ ਸਿੱਖ ਇਤਿਹਾਸ ਵਿਚ ਰਲੇ ਵੱਧਦੇ ਜਾ ਰਹੇ ਹਨ। ਸੋ ਸੰਗਤ ਨੂੰ ਬੇਨਤੀ ਹੈ ਕਿ ਇਸ ਪਾਸੇ ਵਲ ਵੀ ਧਿਆਨ ਦਿੱਤਾ ਜਾਵੇ। ਹੋਈਆਂ ਭੁੱਲਾਂ ਲਈ ਖਿਮਾ ਦੀ ਜਾਚਕ ਹਾਂ।

– ਮਨਿੰਦਰ ਕੌਰ, ਔਰੰਗਾਬਦ

◆◆◆

# SIKH HERITAGE

## ਕੈਨੇਡਾ ’ਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਨਾਲ ਜੋੜਨ ਲਈ ਪੁਸਤਕ ਮੇਲਾ



ਕੈਨੇਡਾ ਪਰਵਾਸ ਕਰ ਰਹੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੋੜਨ ਦੇ ਮਕਸਦ ਨਾਲ ਚੇਤਨਾ ਪ੍ਰਕਾਸ਼ਨ ਵੱਲੋਂ ਕੈਨੇਡੀਅਨ ਸੰਸਥਾਵਾਂ ਦੇ ਸਹਿਯੋਗ ਨਾਲ 13 ਜੁਲਾਈ ਨੂੰ ਮਿਸੀਸਾਗਾ ਵਿਚ ਪੰਜਾਬੀ ਪੁਸਤਕ ਮੇਲੇ ਦਾ ਉਦਘਾਟਨ ਕੀਤਾ ਗਿਆ। ਇਹ ਮੇਲਾ ਪੰਜ ਹਫਤੇ ਜਾਰੀ ਰਹੇਗਾ। ਮੇਲੇ ਦਾ ਉਦਘਾਟਨ ਯੂਨਾਈਟਡ ਗਰੁੱਪ ਦੇ ਮਾਲਕ ਦੇਵ ਮਾਂਗਟ, ਕਾਂਊਟੀ ਕਾਰਗੋ ਦੇ ਡਾਇਰੈਕਟਰ ਰਣਦੀਪ ਸਿੰਘ ਸੰਧੂ ਤੇ ਇਕ ਹੋਰ ਆਗੂ ਇਕਬਾਲ ਮਾਹਲ ਨੇ ਕੀਤਾ।

ਮੇਲੇ ਵਿਚ ਇਕ ਹਜ਼ਾਰ ਤੋਂ ਵਧ ਪੁਸਤਕਾਂ ਦੀਆਂ ਵੰਨਗੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ ਜੋ ਕਿ ਕਹਾਣੀਆਂ, ਨਾਵਲ ਤੇ ਕਵਿਤਾਵਾਂ ਤੋਂ ਇਲਾਵਾ ਇਤਿਹਾਸ, ਸੂਚਨਾ, ਲੋਕ ਲਹਿਰਾਂ, ਵਰਤਮਾਨ ਸੰਕਟਾਂ ਨਾਲ ਸਬੰਧਤ ਹਨ। ਕੈਨੇਡਾ ਵਿਚ ਪੰਜਾਬੀ ਪੁਸਤਕਾਂ ਪੜ੍ਹਨ ਵਾਲਿਆਂ ਦੀ ਗਿਣਤੀ ਵਧਣ ਬਾਰੇ ਇਥੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੇਲੇ ਦੇ ਉਦਘਾਟਨੀ ਸਮਾਰੋਹ ਦੌਰਾਨ ਹੀ ਕਿਤਾਬਾਂ ਦੀ ਵਿਕਰੀ ਸ਼ੁਰੂ ਹੋ ਗਈ ਸੀ।

ਇਸ ਮੌਕੇ ਰਣਦੀਪ ਸਿੰਘ ਸੰਧੂ ਨੇ ਕਿਹਾ ਕਿ ਜੇ ਕਿਸੇ ਕੌਮ ਦੀ ਸਭਿਆਚਾਰਕ ਉਚਾਈ ਦੇਖਣੀ ਹੋਵੇ ਤਾਂ ਉਸ ਵੱਲੋਂ ਉਸਾਰੀਆਂ ਗਈਆਂ ਲਾਇਬ੍ਰੇਰੀਆਂ ਨੂੰ ਦੇਖਣਾ ਹੋਵੇਗਾ। ਇਸੇ ਤਰ੍ਹਾਂ ਦੇਵ ਮਾਂਗਟ ਨੇ ਕਿਹਾ ਕਿ ਬੰਗਾਲ ਵਾਸੀਆਂ ਨੇ ਟੈਗੋਰ ਨੂੰ ਉਹ ਮਾਣ ਦਿੱਤਾ ਹੈ, ਜੋ ਅੰਗਰੇਜ਼ਾਂ ਨੇ ਵਿਲੀਅਮ ਸ਼ੇਕਸਪੀਅਰ ਨੂੰ ਦਿੱਤਾ ਹੈ। ਇਕਬਾਲ ਮਾਹਲ ਨੇ ਕਿਹਾ ਕਿ ਉਹ ਪਿਛਲੇ 55 ਸਾਲਾਂ ਤੋਂ ਕੈਨੇਡਾ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੋਰ ਸੰਸਥਾਵਾਂ ਵੀ ਇਸ ਪਾਸੇ ਸੇਵਾ ਨਿਭਾਅ ਰਹੀਆਂ ਹਨ ਜਿਸ ਕਾਰਨ ਪੰਜਾਬੀ ਦਾ ਤੇਜ਼ੀ ਨਾਲ ਪਸਾਰ ਹੋ ਰਿਹਾ ਹੈ। ਇਸੇ ਤਰ੍ਹਾਂ ਸ਼ਤੀਸ਼ ਗੁਲਾਟੀ ਨੇ ਦੱਸਿਆ ਕਿ ਉਹ ਇਸ ਵਾਰ ਵੱਡੀ ਗਿਣਤੀ ਕਿਤਾਬਾਂ ਲੈ ਕੇ ਪਹੁੰਚੇ ਹਨ ਤਾਂ ਕਿ ਪਰਵਾਸੀ ਪੰਜਾਬੀਆਂ ਦੇ ਘਰਾਂ ਤਕ ਕਿਤਾਬਾਂ ਪਹੁੰਚਾਈਆਂ ਜਾ ਸਕਣ।




## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਕਿਹੜੀ ਕਰਾਮਾਤ ਵਰਤੀ?

a. ਸਪ ਵਲੋਂ ਛਾਂ b. ਖੇਤ ਹਰੇ ਹੋਣਾ
c. ਕਾਬੇ ਦਾ ਘੁੰਮਣਾ d. ਗਿਆਨ ਦਾ ਪਸਾਰਾ

2. ਗੁਰੂ ਤੇਗ ਬਹਾਦੁਰ ਸਾਹਿਬ ਦੀ ਮਨੁਖੀ ਹਕਾਂ ਲਈ ਸ਼ਹਾਦਤ ਤੋਂ ਕਿਤਨੇ ਵਰੇ ਬਾਦ ਯੂ ਐਨ ੳ ਨੇ ਆਪਣੇ ਚਾਰਟਰ ਵਿਚ ਮਨੁੱਖੀ ਹੱਕਾਂ ਦੀ ਗਲ ਕੀਤੀ?

a. 160 b. 256
c. 273 d. 300

3. 21ਵੀਂ ਸਦੀ ਵਿਦਿਆ ਦਾ ਸਮਾ ਹੈ ਤੇ ਵਿਦਿਆ ਨੇ ਤਰੱਕੀ ਕਰਨੀ ਹੈ ਤੇ ਸਾਨੂੰ ਪੰਥ ਦੇ ਭਲੇ ਲਈ ਕੀ ਕਰਨ ਦੀ ਲੋੜ ਹੈ?

a. ਗੁਰਬਾਣੀ ਦੀ ਵਿਚਾਰ b. ਇਤਿਹਾਸ ਦੀ ਪੜਚੋਲ
c. ਪੰਥ ਵਿਚੋਂ ਅਨਮਤ ਸਾਫ d. ਇਹ ਸਾਰੇ ਹੀ ਕੰਮ

4. ਇੰਨਾ ਵਿਚੋਂ ਇਤਿਹਾਸ ਦੀ ਕਿਹੜੀ ਸਾਖੀ ਗੁਰਬਾਣੀ ਦੇ ਚਾਨਣ ਵਿਚ ਸਚੀ ਹੈ?

a. ਬੀਬੀ ਭਾਨੀ ਵਲੋਂ ਵਰ ਮੰਗਣਾ
b. ਬਾਬਾ ਬੁਢਾ ਜੀ ਦਾ ਮਾਤਾ ਗੰਗਾ ਨੂੰ ਵਰ
c. ਤੇਗ ਬਹਾਦਰ ਜੀ ਦਾ ਭੋਰੇ ਵਿਚ ਤਪ ਕਰਨਾ
d. ਇਹ ਸਾਰੀਆਂ ਝੂਠ ਤੇ ਮਨੋਕਲਪਿਤ

(ਦੇਖੋ ਉੱਤਰ ਪੰਨਾ 4 ’ਤੇ)

Explore the World with
Amar Holidays Pvt. Ltd.

Gurpreet Singh
Director
(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

# HEALTH

## *Impact of Technology on our Health*

Taranpreet Singh CA

**Introduction:**

What if I were to tell you that technology has produced benefits? Would you believe me if I said that technology is good for your health?

Many hail the wave of technological progress as Mankind's greatest gift to himself. Indeed, the pervasive nature of technology has permeated every stratum of our society, and the healthcare field is no exception. The advent of technology has revolutionized the healthcare industry in multifarious ways, and this blog will discuss various aspects of how this modernizing wave has benefitted the healthcare field. Here are some key benefits of leveraging technology in healthcare:

1. Easy access to patient medical records
2. Telemedicine
3. Reduction in medical errors
4. Greater patient care
5. Health Apps
6. Improved patient education
7. Reduction in cost
8. Better Treatment Options for Various Ailments and Diseases
9. Faster and More Accurate Diagnosis of Conditions
10. More Ability to Do Research into Problems

**Conclusion**

There are many positive aspects to technology, helping us stay connected to others, which has been a lifeline throughout the pandemic – but alongside the benefits, there are also potential health consequences that should be considered. We will explore the effects of technology overuse and the negative impacts of technology on our health in next article.

## ਨਾਰਵੇ ਦੀ ਰਿਦਮ ਕੌਰ ਬਣੀ ਸਭ ਤੋਂ ਛੋਟੀ ਉਮਰ ਦੀ ਮੈਗਜ਼ੀਨ ਸੰਪਾਦਕ



11 ਸਾਲਾ ਰਿਦਮ ਕੌਰ ਨੇ ਨਾਰਵੇ ਵਿਚ ਸਭ ਤੋਂ ਛੋਟੀ ਉਮਰ ਦੀ ਮੈਗਜ਼ੀਨ ਸੰਪਾਦਕ ਬਣ ਕੇ ਪੰਜਾਬੀਆਂ ਦਾ ਮਾਣ ਵਧਾਇਆ ਹੈ। ਰਿਦਮ ਕੌਰ ਪੁੱਤਰੀ ਅੰਮ੍ਰਿਤਪਾਲ ਸਿੰਘ ਤੇ ਮਨਦੀਪ ਕੌਰ ਨੇ ਇੰਟਰਨੈਸ਼ਨਲ ਮੈਗਜ਼ੀਨ 'ਡੋਨਲਡ ਡੱਕ' ਦੀ ਮਹਿਮਾਨ ਸੰਪਾਦਕ ਬਣਨ ਦਾ ਮਾਣ ਹਾਸਲ ਕੀਤਾ ਹੈ। ਜ਼ਿਕਰਯੋਗ ਹੈ ਕਿ ਰਿਦਮ ਕੌਰ ਲੇਖਕਾ ਬੀਬੀ ਪਰਮਜੀਤ ਕੌਰ ਸਰਹਿੰਦ ਤੇ ਊਧਮ ਸਿੰਘ ਦੀ ਦੋਹਤਰੀ ਹੈ। ਇਹ ਮੈਗਜ਼ੀਨ ਸੰਨ 1948 ਤੋਂ ਹਰ ਹਫ਼ਤੇ ਵੱਡੇ ਪੱਧਰ 'ਤੇ ਛਪਦਾ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਿਦਮ ਨੇ ਪਹਿਲਾਂ ਪਹਿਲ ਇਕ ਕਹਾਣੀ ਲਿਖੀ, ਫਰੰਟ ਪੇਜ ਬਣਾਇਆ, ਡੋਨਲਡ ਆਰਕਾਈਵ ਨੂੰ ਜਾਣਿਆ, ਕਹਾਣੀਆਂ, ਚੁਟਕਲੇ, ਬੁਝਾਰਤਾਂ ਤੇ ਇਕ ਕਵਿਜ਼ ਬਣਾਇਆ। ਬੱਚੀ ਦੀ ਇਸ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਅਦਾਰਾ ਡੋਨਲਡ ਡੱਕ ਨੇ ਉਸ ਨੂੰ ਇਹ ਅਹੁਦਾ ਸੌਂਪਿਆ ਹੈ। ਪਰਿਵਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਧੀਆਂ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਤੇ ਖੁਲ੍ਹ ਦੇਣੀ ਚਾਹੀਦੀ ਹੈ।


## SIKH MATRIMONIALS

Gursikh Amritdhari Boy 31/5'8" Post Graduate in Commerce and Chartered Accountant. One Sister married and settled in Mohali. Father who is no more was a renowned Professor of Economics and Mother is MA Bed. Contact +91 7875793629

Gursikh Amritdhari boy28/5'7"/MBA Amity University/Assistant Manager/ Good Package/ Own House Delhi Contact+91 8851546679

Gursikh Amritdhari girl 34/5'4". M.A (English) B.Ed ( Outstanding grade) from Pune, Maharashtra Has taught in schools and in Junior College Currently taking classes at home. One brother (married) Software Engineer is presently working in UK. Father retd Bank Manager and mother retd Kendriya Vidyalaya Teacher.Seeking educated Gursikh Amritdhari vegetarian boy. Contact 9552453276 00447901922046. Please contact at UK timings.


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. D 4. D


Chief Editor: Dr. Harjinder Singh Editor: Davinder Singh Designer: Pavit Singh



Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (London), Taranpreet Singh (India), Gurpardeep Singh (Canada)





email: canadasikhtimes@gmail.com, M: +1 437 673 7555